# ਝੋਨੇ ਦਾ ਐਮ ਐਸ ਪੀ 143 ਰੁਪਏ ਪ੍ਰਤੀ ਕੁਇੰਟਲ ਵਧਿਆ, ਮੂੰਗੀ ਦਾ 803 ਰੁਪਏ

2023-24 ਦੇ ਸਾਉਣੀ ਮੰਡੀਕਰਨ ਸੀਜ਼ਨ ਲਈ ਝੋਨਾ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ 143 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ, ਜਿਸਦਾ ਐਲਾਨ ਐਲਾਨ ਭਾਰਤ ਸਰਕਾਰ ਨੇ 7 ਜੂਨ ਨੂੰ ਕੀਤਾ।

ਝੋਨੇ ਦੀਆਂ ਆਮ ਅਤੇ ਗ੍ਰੇਡ ਏ ਕਿਸਮਾਂ ਦਾ ਘੱਟੋ-ਘੱਟ ਸਮਰਥਨ ਮੁੱਲ ਕ੍ਰਮਵਾਰ 2,183 ਰੁਪਏ ਪ੍ਰਤੀ ਕੁੰਇੰਟਲ ਅਤੇ 2,203 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਗਿਆ ਹੈ। ਮੱਕੀ ਦਾ ਸਮਰਥਨ ਮੁੱਲ 128 ਰੁਪਏ ਵਧਾ ਕੇ 2,090 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ।

ਦਾਲਾਂ ਵਿੱਚੋਂ ਮੂੰਗੀ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਸਭ ਤੋਂ ਵੱਧ 803 ਰੁਪਏ ਦਾ ਵਾਧਾ ਹੋ ਕੇ 8,558 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ। ਅਰਹਰ ਅਤੇ ਉੜਦ (ਮਾਂਹ) ਦਾ ਘੱਟੋ-ਘੱਟ ਸਮਰਥਨ ਮੁੱਲ 400 ਰੁਪਏ ਅਤੇ 350 ਵਧਾ ਕੇ ਕ੍ਰਮਵਾਰ 7,000 ਰੁਪਏ ਪ੍ਰਤੀ ਕੁਇੰਟਲ ਅਤੇ 6,950 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

ਸਾਉਣੀ ਦੇ ਤਿਲਹਣਾਂ ਵਿੱਚ, ਤਿਲ ਦਾ ਘੱਟੋ-ਘੱਟ ਸਮਰਥਨ ਮੁੱਲ 805 ਰੁਪਏ ਵਧਾ ਕੇ 8,635 ਰੁਪਏ ਅਤੇ ਮੂੰਗਫਲੀ ਲਈ 527 ਰੁਪਏ ਵਧਾ ਕੇ 6,377 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

ਦਰਮਿਆਨੇ ਅਤੇ ਲੰਮੇ ਰੇਸ਼ੇ ਵਾਲੀ ਕਪਾਹ ਦਾ ਘੱਟੋ-ਘੱਟ ਸਮਰਥਨ ਮੁੱਲ 540 ਰੁਪਏ ਅਤੇ 640 ਰੁਪਏ ਵਧਾ ਕੇ ਕ੍ਰਮਵਾਰ 6,620 ਰੁਪਏ ਪ੍ਰਤੀ ਕੁਇੰਟਲ ਅਤੇ 7,020 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

**2023-24 ਸੀਜ਼ਨ ਦੌਰਾਨ ਸਰਕਾਰੀ ਖ਼ਰੀਦ ਲਈ ਖ਼ਰੀਫ਼ ਦੀਆਂ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ**

| **ਫ਼ਸਲ** | **ਐਮ ਐਸ ਪੀ 2023-24 (ਰੁਪਏ/ਕੁਇੰਟਲ)** | **ਐਮ ਐਸ ਪੀ 2022-23 (ਰੁਪਏ/ਕੁਇੰਟਲ)** | **ਵਾਧਾ (ਰੁਪਏ/ਕੁਇੰਟਲ)** | **ਵਾਧਾ (ਫ਼ੀਸਦੀ)** |
|---|---|---|---|---|
| ਝੋਨਾ (ਆਮ) | 2,183 | 2,040 | 143 | 7% |

| | | | | |
|---|---|---|---|---|
| ਝੋਨਾ (ਗ੍ਰੇਡ ਏ) | 2,203 | 2,060 | 143 | 6.94% |
| ਜਵਾਰ (ਹਾਇਬ੍ਰਿਡ) | 3,180 | 2,970 | 210 | 7.07% |
| ਜਵਾਰ (ਮਲਦੰਡੀ) | 3,225 | 2,990 | 235 | 7.85% |
| ਬਾਜਰਾ | 2,500 | 2,350 | 150 | 6.38% |
| ਰਾਗੀ | 3,846 | 3,578 | 268 | 7.49% |
| ਮੱਕੀ | 2,090 | 1,962 | 128 | 6.52% |
| ਤੂਰ (ਅਰਹਰ) | 7,000 | 6,600 | 400 | 6.06% |
| ਮੂੰਗ | 8,558 | 7,755 | 803 | 10.35% |
| ਉੜਦ (ਮਾਂਹ) | 6,950 | 6,600 | 350 | 5.30% |
| ਮੂੰਗਫਲੀ | 6,377 | 5,850 | 527 | 9% |
| ਸੂਰਜਮੁਖੀ ਦੇ ਬੀਜ | 6,760 | 6,400 | 360 | 5.62% |
| ਸੋਇਆਬੀਨ (ਪੀਲੀ) | 4,600 | 4,300 | 300 | 6.97% |
| ਤਿਲ | 8,635 | 7,830 | 805 | 10.28% |
| ਨਾਈਜਰਸੀਡ | 7,734 | 7,287 | 447 | 6.13% |
| ਕਪਾਹ (ਦਰਮਿਆਨਾ ਰੇਸ਼ਾ) | 6,620 | 6,080 | 540 | 8.88% |
| ਕਪਾਹ (ਲੰਮਾ ਰੇਸ਼ਾ) | 7,020 | 6,380 | 640 | 10.03% |